International Journal of Applied Research 2023; 9(1): 482-485




**ISSN Print:** 2394-7500
**ISSN Online:** 2394-5869
**Impact Factor:** 8.4
IJAR 2023; 9(1): 482-485
www.allresearchjournal.com
Received: 09-11-2022
Accepted: 15-12-2022

**ਡਾ. ਕੁਲਵਿੰਦਰ ਕੌਰ ਛੀਨਾ**
ਐਸੋਸੀਏਟ ਪ੍ਰੋਫੈਸਰ, ਪੰਜਾਬੀ ਵਿਭਾਗ, ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ, ਦੀਨਾਨਗਰ, ਪੰਜਾਬ, ਭਾਰਤ

**Corresponding Author:**
**ਡਾ. ਕੁਲਵਿੰਦਰ ਕੌਰ ਛੀਨਾ**
ਐਸੋਸੀਏਟ ਪ੍ਰੋਫੈਸਰ, ਪੰਜਾਬੀ ਵਿਭਾਗ, ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ, ਦੀਨਾਨਗਰ, ਪੰਜਾਬ, ਭਾਰਤ

# ਕਰਮ ਸਿੰਘ ਜ਼ਖ਼ਮੀ ਦਾ ਕਾਵਿ- ਯਥਾਰਥ (‘ਕਦ ਬੋਲਾਂਗੇ’ ਗ਼ਜ਼ਲ ਸੰਗ੍ਰਹਿ ਦੇ ਆਧਾਰ ’ਤੇ)

## ਡਾ. ਕੁਲਵਿੰਦਰ ਕੌਰ ਛੀਨਾ

### ਜਾਣ-ਪਛਾਣ

ਕਰਮ ਸਿੰਘ ਜ਼ਖ਼ਮੀ ਦਾ ਪੰਜਾਬੀ ਗ਼ਜ਼ਲ ਦੇ ਖ਼ੇਤਰ ਵਿੱਚ ਵਿਸ਼ੇਸ਼ ਮੁਹਾਂਦਰਾ ਉੱਭਰ ਕੇ ਸਾਹਮਣੇ ਆ ਰਿਹਾ ਹੈ। ਉਹ ਆਪਣੇ ਪੰਜ ਗ਼ਜ਼ਲ ਸੰਗ੍ਰਹਿਆਂ ਦੀ ਰਚਨਾ ਕਰਕੇ ਇਸ ਖ਼ੇਤਰ ਵਿੱਚ ਆਪਣੇ ਪੈਰ ਪੱਕੇ ਕਰਦਾ ਨਜ਼ਰੀਂ ਆਉਂਦਾ ਹੈ। ਉਸਦੇ ਗ਼ਜ਼ਲ ਸੰਗ੍ਰਹਿਆਂ ਵਿੱਚ ‘ਯਾਦਾਂ ਦੇ ਪੁੱਠਕੰਡੇ ’ (2010), ‘ਤੁਪਕੇ ਵਿੱਚ ਸਮੁੰਦਰ (2011), ‘ਚੁੱਲ੍ਹੇ ਵਿੱਚ ਬਸੰਤਰ’ (2012), ‘ਕਦ ਬੋਲਾਂਗੇ’ (2014), ‘ਚਾਨਣ ਦੀ ਲਲਕਾਰ’ (2016) ਤੋਂ ਬਿਨਾਂ ਉਸਨੇ ‘ਠੰਡੇ ਬੁਰਜ ਦੀ ਆਵਾਜ਼’ ਨਾਂ ਦੇ ਕਾਵਿ-ਸੰਗ੍ਰਹਿ ਦੀ ਵੀ ਰਚਨਾ ਕੀਤੀ।

ਕਦ ਬੋਲਾਂਗੇ’ ਕਰਮ ਸਿੰਘ ਜ਼ਖ਼ਮੀ ਦਾ ਚੌਥਾ ਗ਼ਜ਼ਲ ਸੰਗ੍ਰਹਿ ਹੈ, ਜਿਵੇਂ ਕਿ ਇਸ ਸੰਗ੍ਰਹਿ ਦੇ ਨਾਂ ਤੋਂ ਹੀ ਸਪੱਸ਼ਟ ਹੈ ਕਿ ਅਸੀਂ ਸਮਾਜ ਵਿੱਚ ਅਤੇ ਸਾਡੇ ਆਲੇ-ਦੁਆਲੇ ਦੇ ਵਾਤਾਵਰਣ ਵਿੱਚ ਜੋ ਕੁਝ ਅਣ-ਸੁਖਾਵਾਂ ਅਤੇ ਨਾ-ਖ਼ੁਸ਼ਗਵਾਰ ਵਾਪਰ ਰਿਹਾ ਹੈ, ਉਸਦੇ ਖਿਲਾਫ਼ ਕਦੋਂ ਆਵਾਜ਼ ਉਠਾ ਸਕਣ ਦੀ ਸਮਰੱਥਾ ਰੱਖ ਸਕਾਂਗੇ। ਅਜਿਹੇ ਸਮਾਜਕ, ਰਾਜਨੀਤਕ, ਸਭਿਆਚਾਰਕ, ਧਾਰਮਿਕ ਮਾਹੌਲ ਨੂੰ ਬਦਲ ਸਕਣ ਦੀ ਸਮਰੱਥਾ ਕਦੋਂ ਜੁਟਾ ਪਾਵਾਂਗੇ ਅਤੇ ਇਸ ਗੰਧਲੇ ਮਾਹੌਲ ਤੋਂ ਕਦੋਂ ਨਿਜ਼ਾਤ ਪਾ ਸਕਾਂਗੇ? ਗ਼ਜ਼ਲਕਾਰ ਹਰ ਤਰ੍ਹਾਂ ਦੀ ਬਰਾਬਰੀ ਵਾਲਾ ਸਮਾਜਕ ਪ੍ਰਬੰਧ ਸਿਰਜਣ ਦਾ ਚਾਹਵਾਨ ਹੈ। ਲੋਕ-ਪੱਖੀ ਵਿਚਾਰਾਂ ਦਾ ਧਾਰਣੀ ਹੋਣ ਕਰਕੇ ਉਹ ਹਰ ਤਰ੍ਹਾਂ ਦੀਆਂ ਲੋਕ-ਮਾਰੂ ਨੀਤੀਆਂ ਤੋਂ ਖੌਫ਼ਜ਼ਦਾ ਹੈ। ਉਹ ਭ੍ਰਿਸ਼ਟਾਚਾਰ ਵਾਲੀ ਅਤੇ ਖੋਖ਼ਲੀ ਸਿਆਸਤ ਬਾਰੇ ਲਿਖਦਾ ਹੈ:-

ਵਿਕੇ ਹਾਂ ਜਦ ਕਦੇ ਵੀ ਹੋਣ ਚੋਣਾਂ,
ਲੁਟੇਰੇ ਲੀਡਰਾਂ ਨੂੰ ਸਮਝਿਆ ਨਾ।
ਕਮਾਈ ਕਿਰਤੀਆਂ ਦੀ ਖਾ ਗਏ ਉਹ,
ਜਿਨ੍ਹਾਂ ਨੇ ਬੀਜਿਆ ਨਾ, ਵੱਢਿਆ ਨਾ।

ਉਹ ਆਪਣੀ ਗ਼ਜ਼ਲ ਵਿੱਚ ਅੱਜ ਦੇ ਸਿਆਸਤਦਾਨਾਂ ਦੇ ਅਸਲੀ ਕਿਰਦਾਰ ਦਾ ਪਰਦਾਫਾਸ਼ ਕਰਦਾ ਹੈ ਕਿ ਅੱਜ ਦੇ ਨੇਤਾ ਵੱਡੇ ਤੋਂ ਵੱਡਾ ਗੁਨਾਹ ਅਤੇ ਪਾਪ ਕਰਕੇ ਵੀ ਆਪਣੇ ਆਪ ਨੂੰ ਸਰਵੋਤਮ ਅਤੇ ਮਹਾਨ ਸਮਝਦੇ ਹੋਏ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਂਦੇ ਹਨ ਅਤੇ ਜੰਤਾ ਸਾਹਮਣੇ ਲੋਕ-ਹਿਤੈਸ਼ੀ ਹੋਣ ਦਾ ਭਰਮ ਪਾਲਦੇ ਹਨ। ਅਜਿਹੇ ਨੇਤਾਵਾਂ ਬਾਰੇ ਜ਼ਖ਼ਮੀ ਦੀ ਕਲਮ ਇੰਜ ਬਿਆਨ ਕਰਦੀ ਹੈ:

ਪਾਣੀ ਵਿੱਚ ਲਕੀਰ ਦਿਸੇ ਨਾ।
ਜਿਉਂਦੀ ਕਿਤੇ ਜ਼ਮੀਰ ਦਿਸੇ ਨਾ।
ਬੰਦਾ ਸਭ ਦੇ ਐਬ ਗਿਣਾਵੇ,
ਆਪਣੀ ਅੱਖ ਦਾ ਟੀਰ ਦਿਸੇ ਨਾ।
ਪੰਜ ਸੱਤ ਕੇਸ ਬਣੇ ਨਾ ਜਿਸ ’ਤੇ,
ਐਸਾ ਅੱਜ ਵਜੀਰ ਦਿਸੇ ਨਾ।

ਇਸ ਦੁਨੀਆਂ ਵਿੱਚ ਠੱਗਾਂ, ਲੁਟੇਰਿਆਂ, ਭ੍ਰਿਸ਼ਟਾਚਾਰੀਆਂ ਦਾ ਬੋਲਬਾਲਾ ਹੈ। ਇਹ ਲੋਕ ਜੰਤਾ ਦੀ ਖ਼ੂਨ-ਪਸੀਨੇ ਦੀ ਕਮਾਈ ਤੇ ਐਸ਼ ਕਰਦੇ ਹਨ ਅਤੇ ਮਿਹਨਤ-ਕਸ਼ ਵਰਗ ਸਖ਼ਤ ਮਿਹਨਤ ਕਰਨ ਦੇ ਬਾਵਜੂਦ ਵੀ ਆਪਣੀ, ਰੋਜ਼ੀ-ਰੋਟੀ ਨੂੰ ਸਹੀ ਢੰਗ ਨਾਲ ਤੋਰਨ ਤੋਂ ਅਸਮਰੱਥ ਹੈ। ਮਹਿੰਗਾਈ ਗਰੀਬ ਬੰਦੇ ਦਾ ਲੱਕ ਤੋੜ ਰਹੀ ਹੈ:

ਠੱਗ ਲੁਟੇਰੇ ਗਲੀ ਗਲੀ, ਕੁੱਤੀ ਚੋਰਾਂ ਨਾਲ ਰਲੀ।
ਰਿਸ਼ਵਤ ਤੇ ਮਹਿੰਗਾਈ ਨੇ, ਜਨਤਾ ਦਲੀਏ ਵਾਂਗ ਦਲੀ।

ਬੇਰੋਜ਼ਗਾਰੀ, ਪੜ੍ਹੇ ਲਿਖੇ ਵਰਗ ਨੂੰ ਬੇਚੈਨ ਕਰ ਰਹੀ ਹੈ, ਨੌਜੁਆਨਾਂ ਦਾ ਭਵਿੱਖ ਅਸੁਰੱਖਿਅਤ ਹੈ। ਸਾਡੇ ਦੇਸ਼ ਦੀ ਸਰਕਾਰ ਨੌਜੁਆਨਾਂ ਨੂੰ ਸਹੀ ਸੇਧ ਤੇ ਰੋਜ਼ਗਾਰ ਦੇਣ ਤੋਂ ਅਸਮੱਰਥ ਹੈ। ਪੜ੍ਹਿਆ ਲਿਖਿਆ ਵਰਗ ਰੋਜ਼ੀ-ਰੋਟੀ ਦੀ ਖ਼ਾਤਰ ਵਿਦੇਸ਼ਾਂ ਵਿੱਚ ਜਾਣ ਲਈ ਤਤਪਰ ਹੈ। ਨੌਕਰੀ ਨਾ ਮਿਲਣ ਕਰਕੇ ਇਹ ਵਰਗ ਜਾਂ ਤਾਂ ਧੋਖੇਬਾਜ ਏਜੰਟਾਂ ਦੀ ਮਾਰ ਸਹਿ ਰਿਹਾ ਹੈ ਅਤੇ ਜਾਂ ਨਸ਼ਿਆਂ ਦੀ ਦਲ-ਦਲ ਵਿੱਚ ਫ਼ਸ ਚੁੱਕਾ ਹੈ। ਕਿਰਤੀ ਤੇ ਕਿਰਸਾਨ ਜਦ ਤੱਕ ਆਪਣੇ ਹੱਕਾਂ ਪ੍ਰਤੀ ਜਾਗਰੂਕ ਨਹੀਂ ਹੋਣਗੇ, ਤਦ ਤੱਕ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਰੁਕ ਨਹੀਂ ਸਕਦਾ:

ਕਿਰਤੀ ਤੇ ਕਿਰਸਾਨ ਜਦੋਂ ਤੱਕ ਜਾਗੇ ਨਾ,
ਤਦ ਤੱਕ ਵਿਹਲੜ ਧਾੜਾਂ ਫ਼ਸਲਾਂ ਚਰਨਗੀਆਂ।
ਨਸ਼ਿਆਂ ਨੇ ਪੁੱਤ ਖਾਧੇ ਬੁੱਢੀਆਂ ਮਾਵਾਂ ਦੇ,
ਕਿਸਨੂੰ ਗਲੇ ਲਗਾ ਕੇ ਹਿੱਕਾਂ ਠਰ੍ਹਨਗੀਆਂ।

ਦੁੱਲੇ ਭੱਟੀ ਦਾ ਦੇਸ਼ ਪੰਜਾਬ, ਜਿਸ ਦੇ ਹਰੀ ਸਿੰਘ ਨਲੂਏ ਵਰਗੇ ਯੋਧੇ, ਧੀਆਂ ਭੈਣਾਂ ਦੀਆਂ ਇੱਜ਼ਤਾਂ ਬਚਾਉਂਦੇ ਸਨ ਅਤੇ ਲੁੱਟੀਆਂ ਹੋਈਆਂ ਡੋਲੀਆਂ ਵਾਪਸ ਉਨ੍ਹਾਂ ਦੇ ਘਰਦਿਆਂ ਨੂੰ ਸੌਂਪਦੇ ਸਨ ਪਰ ਅੱਜ ਉਸ ਪੰਜਾਬ ਵਿੱਚ ਧੀਆਂ ਭੈਣਾਂ ਦੀਆਂ ਇੱਜ਼ਤਾਂ ਸੁਰੱਖਿਅਤ ਨਹੀਂ ਹਨ। ਇਨਸਾਨੀਅਤ ਦੇ ਦੁਸ਼ਮਣ ਤੇ ਦਰਿੰਦੇ ਲੋਕ ਧੀਆਂ ਭੈਣਾਂ ਦੀਆਂ ਇੱਜ਼ਤਾਂ ਨੂੰ ਤਾਰ-ਤਾਰ ਕਰਨ ਤੋਂ ਵੀ ਬਾਜ ਨਹੀ ਆ ਰਹੇ:

ਧੀਆਂ, ਭੈਣਾਂ ਵੀ ਕਿਧਰੇ ਮਹਿਫ਼ੂਜ਼ ਨਹੀਂ ਹੁਣ,
ਕਿਧਰੇ ਹੁੰਦੀ ਨਾ ਸੁਣਵਾਈ, ਕਦ ਬੋਲਾਂਗੇ?
ਮੰਗਿਆਂ ਹੱਕ ਕਿਸੇ ਨੂੰ ਦਿੱਤੇ ਨਹੀਂ ਕਿਸੇ ਨੇ,
ਆਖ਼ਰ ਕਰਨੀ ਪਵੇ ਲੜਾਈ, ਕਦ ਬੋਲਾਂਗੇ?

ਧਾਰਮਿਕ ਸਥਾਨਾਂ ਦੇ ਡੇਰੇ ਪੰਜਾਬੀ ਸਭਿਆਚਾਰ ਦਾ ਮਾਣ ਹੋਇਆਂ ਕਰਦੇ ਸਨ ਅਤੇ ਜ਼ਰੂਰਤਮੰਦ ਦੀ ਵੇਲੇ-ਕੁਵੇਲੇ ਠਾਹਰ ਹੋਇਆ ਕਰਦੇ ਸਨ। ਇਨ੍ਹਾਂ ਡੇਰਿਆਂ ਦੇ ਮੁਖੀ ਉੱਚੇ-ਸੁੱਚੇ ਕਿਰਦਾਰ ਵਾਲੇ, ਨੇਕ ਰੂਹਾਂ ਵਾਲੇ ਭਗਤ ਲੋਕ ਹੋਇਆ ਕਰਦੇ ਸਨ ਅਤੇ ਆਮ ਲੋਕਾਂ ਦੀ ਇਨ੍ਹਾਂ ਡੇਰਿਆਂ ਪ੍ਰਤੀ ਅਥਾਹ ਸ਼ਰਧਾ ਹੋਇਆ ਕਰਦੀ ਸੀ। ਅੱਜ ਸਥਿਤੀ ਇਹ ਬਣ ਗਈ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਡੇਰੇ ਆਪਣੀ ਧਾਰਮਿਕਤਾ ਤੇ ਪ੍ਰਸ਼ਨਚਿੰਨ੍ਹ ਲਗਵਾ ਬੈਠੇ ਹਨ। ਇਨ੍ਹਾਂ ਬਹੁਤੇ ਡੇਰਿਆਂ ਤੇ ਠੱਗਾਂ ਤੇ ਲੁਟੇਰਿਆਂ ਦਾ ਬੋਲਬਾਲਾ ਹੈ ਅਤੇ ਅੱਜ ਦੇ ਇਹ ਅਖੌਤੀ ਸੰਤ ਝੂਠੇ ਕਿਰਦਾਰ ਦੇ ਮਾਲਕ ਹਨ। ਕਰਮ ਸਿੰਘ ਜ਼ਖ਼ਮੀ ਇਨਾਂ ਪਾਖੰਡੀ ਸਾਧਾਂ-ਸੰਤਾਂ ਦੇ ਕਿਰਦਾਰ ਬਾਰੇ ਆਪਣੀ ਗ਼ਜ਼ਲ ਵਿੱਚ ਇੰਜ ਲਿਖਦੇ ਹਨ:

ਧਾਮ ਪਵਿੱਤਰ ਧਰਮਾਂ ਦੇ, ਅਮਲਾਂ ਬਾਝ ਦੁਕਾਨ ਬਣੇ।
ਠੱਗ, ਲੁਟੇਰੇ, ਕਾਤਲ ਨੇ, ਅੱਜ ਕੱਲ੍ਹ ਦੇ ਭਗਵਾਨ ਬਣੇ।

ਅੱਜ ਦੇ ਅਤਿ-ਆਧੁਨਿਕ ਦੌਰ ਵਿਚ ਰਿਸ਼ਤੇ-ਨਾਤੇ ਆਪਣੀ ਸਾਰਥਕਤਾ ਗੁਆ ਰਹੇ ਹਨ। ਇਹ ਰਿਸ਼ਤੇ-ਨਾਤੇ ਪਦਾਰਥਵਾਦ ਦੀ ਭੇਂਟ ਚੜ੍ਹ ਚੁੱਕੇ ਹਨ, ਭਾਵ ਇਨ੍ਹਾਂ ਰਿਸ਼ਤਿਆਂ ਦਾ ਮਹੱਤਵ ਵੀ ਪੈਸੇ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਇਹ ਰਿਸ਼ਤੇ ਇੱਕ ਦੂਸਰੇ ਤੋਂ ਗਰਜ਼ਾਂ ਪੂਰੀਆਂ ਕਰਨ ਤੱਕ ਹੀ ਸੀਮਤ ਹੋ ਗਏ ਹਨ। ਪਰਿਵਾਰਕ ਰਿਸ਼ਤੇ ਅਤੇ ਇਸ਼ਕ-ਮੁਹੱਬਤ ਵਾਲੇ ਰਿਸ਼ਤੇ ਵੀ ਪੈਸੇ ਦੇ ਪ੍ਰਭਾਵ ਤੋਂ ਮੁਕਤ ਨਹੀਂ ਹਨ। ਜ਼ਖ਼ਮੀ ਦੀ ਗ਼ਜ਼ਲ ਦੀ ਜ਼ੁਬਾਨੀ ਦੇਖੋ:

ਅੱਜ ਕੱਲ੍ਹ ਦੇ ਦਿਲਦਾਰ ਬਨਾਉਟੀ।
ਮਤਲਬ ਦੇ ਸਭ ਯਾਰ ਬਨਾਉਟੀ।

ਲੋਟੂ ਸ਼੍ਰੇਣੀ ਵੀ ਰੱਬ ਤੋਂ ਭੁੱਲਾਂ ਬਖ਼ਸ਼ਾਉਣ ਲਈ ਕਈ ਵਾਰੀ ਦਾਨ-ਪੁੰਨ, ਲੰਗਰ ਆਦਿ ਲਵਾਉਣ ਵੱਲ ਰੁਚੀ ਵਿਖਾਉਂਦੀ ਹੈ। ਗਰੀਬਾਂ ਦਾ ਖ਼ੂਨ ਨਚੋੜ ਕੇ ਕਮਾਇਆ ਹੋਇਆ ਧਨ ਕਈ ਵਾਰੀ ਇਹ ਲੋਕ ਧਰਮ ਦੇ ਨਾਂ ਤੇ ਮੰਦਰ, ਗੁਰਦੁਆਰੇ ਤੇ ਮਸਜਿਦਾਂ ਉਸਾਰਨ ਤੇ ਲਾ ਕੇ ਰੱਬ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਹ ਰੱਬ ਦੇ ਬਣਾਏ ਬੰਦਿਆਂ ਨੂੰ ਤਾਂ ਲੁੱਟਦੇ ਹੀ ਹਨ ਪਰ ਰੱਬ ਨੂੰ ਵੀ ਹਰ ਹੀਲੇ ਆਪਣੇ ਹੱਥ ਵਿੱਚ ਰੱਖਣਾ ਚਾਹੁੰਦੇ ਹਨ, ਅਜਿਹੇ ਲੋਕਾਂ ਨੂੰ ਸ਼ਾਇਦ ਇਸ ਗੱਲ ਦਾ ਇਲਮ ਨਹੀਂ ਕਿ ਰੱਬ ਤਾਂ ਆਪਣੀ ਖ਼ਲਕਤ ਵਿੱਚ ਹੀ ਵੱਸਦਾ ਹੈ ਅਤੇ ਉਸਦੀ ਖ਼ਲਕਤ ਨੂੰ ਖੁਸ਼ ਰੱਖਣਾ ਹੀ ਉਸਦੀ ਇਬਾਦਤ ਹੈ। ਜ਼ਖਮੀ ਦੀ ਕਲਮ ਅਜਿਹੇ ਲੋਕਾਂ ਦੀ ਫ਼ਿਤਰਤ ਇੰਜ ਬਿਆਨ ਕਰਦੀ ਹੈ।

ਕਿਹੜਾ, ਕੀਹਨੂੰ, ਤਖ਼ਤ ਬਹਾਉਂਦੈ।
ਇੱਕ ਲੁੱਟਦੇ ਤੇ ਇੱਕ ਲੁਟਾਉਂਦੈ।
ਲੋਕਾਂ ਦੇ ਗਲ ਵੱਢ ਫ਼ਰੇਬੀ,
ਲਾ ਕੇ ਲੰਗਰ ਪੁੰਨ ਕਮਾਉਂਦੈ।
ਘਟ ਘਟ ਵਿੱਚ ਖ਼ੁਦਾ ਹੈ ਬੇਸ਼ੱਕ,
ਬੰਦਾ, ਬੰਦੇ ਤੋਂ ਘਬਰਾਉਂਦੈ।

ਅੱਜ ਦੇ ਯੁੱਗ ਵਿੱਚ ਜਿੰਨਾ ਜ਼ਿਆਦਾ ਕੋਈ ਬੰਦਾ ਲੋਟੂ, ਭ੍ਰਿਸ਼ਟਾਚਾਰੀ ਤੇ ਮਾੜੀਆਂ ਰੁਚੀਆਂ ਦਾ ਸ਼ਿਕਾਰ ਹੈ, ਓਨਾ ਹੀ ਉਹ ਧਰਮੀ ਅਤੇ ਨੇਕ ਹੋਣ ਦਾ ਭਰਮ-ਜਾਲ ਵਿਛਾਈ ਬੈਠਾ ਹੈ। ਓਪਰੀ ਨਜ਼ਰੇ ਅਜਿਹੇ ਇਨਸਾਨਾਂ ਦੀ ਸਹੀ ਪਹਿਚਾਣ ਕਰਨੀ ਔਖੀ ਹੋ ਜਾਂਦੀ ਹੈ ਕਿਉਂਕਿ ਇਨ੍ਹਾਂ ਲੋਕਾਂ ਦਾ ਮਖੌਟਿਆਂ ਵਾਲਾ ਕਿਰਦਾਰ ਹਰ ਕਿਸੇ ਲਈ ਸਮਝ ਸਕਣਾ ਔਖਾ ਕੰਮ ਹੁੰਦਾ ਹੈ।

ਸਿਆਸਤ ਵਿੱਚ ਅਜਿਹੇ ਲੋਕ ਵਧੇਰੇ ਕਾਮਯਾਬ ਹੁੰਦੇ ਹਨ। ਉਹ ਧਰਮ ਦੇ ਨਾਂ ਤੇ ਕਈ ਵਾਰੀ ਮਨੁੱਖਤਾ ਵਿੱਚ ਵੰਡੀਆਂ ਪਾ ਕੇ ਆਪਣਾ ਉੱਲੂ ਸਿੱਧਾ ਕਰਨ ਦੀ ਕੋਸ਼ਿਸ਼ ਵਿੱਚ ਰਹਿੰਦੇ ਹਨ ਪਰ ਉਨ੍ਹਾਂ ਦੇ ਅਜਿਹੇ ਕਿਰਦਾਰ ਤੋਂ ਮਨੁੱਖਤਾ ਵਿੱਚ ਸਾਂਝਾਂ ਦੀ ਥਾਂ ਕਈ ਤਰ੍ਹਾਂ ਦੇ ਬਖੇੜੇ ਖੜ੍ਹੇ ਹੋ ਜਾਂਦੇ ਹਨ। ਵੱਖ-ਵੱਖ ਧਰਮਾਂ ਵਾਲੇ ਕਈ ਬੇਸਮਝ ਲੋਕ ਪ੍ਰਮਾਤਮਾ ਦੇ ਨਾਂਵਾਂ ਤੋਂ ਹੀ ਕਈ ਤਰ੍ਹਾਂ ਦੇ ਕਲੇਸ਼ ਖੜ੍ਹੇ ਕਰ ਦਿੰਦੇ ਹਨ:

ਸਭ ਨੂੰ ਆਪਣਾ ਭਾਇਆ ਰੱਬ।
ਦੂਜੇ ਦਾ ਠੁਕਰਾਇਆ ਰੱਬ।
ਜਿੰਨਾ ਜ਼ਿਆਦਾ ਝੂਠ ਫਰੇਬ,
ਓਨਾ ਵੱਧ ਧਿਆਇਆ ਰੱਬ।
ਕਰਮਾਂ ਦਾ ਫਲ ਇਸ ਨੂੰ ਰਾਸ,
ਹਾਕਮ ਨੇ ਵਡਿਆਇਆ ਰੱਬ।
ਹਾਰੇ ਕਿਰਤੀ ਤੇ ਕਿਸਾਨ,
ਜੋੜਾਂ ਵਿੱਚ ਬਹਾਇਆ ਰੱਬ।
ਮਾਨਵਤਾ ਹੈ ਲਹੂ ਲੁਹਾਣ,
ਮੁੱਢੋਂ ਹੀ ਤਿਹਾਇਆ ਰੱਬ।

ਅੱਜ ਦੇ ਪਦਾਰਥਵਾਦੀ ਯੁਗ ਵਿੱਚ ਪੈਸਾ ਸਭ ਜਗ੍ਹਾ ਪ੍ਰਧਾਨ ਹੈ ਅਤੇ ਪੈਸੇ ਦੀ ਇਹ ਦੌੜ ਸਿਰਫ਼ ਸਾਡੇ ਦੇਸ਼ ਦੀ ਹੀ ਸਮੱਸਿਆ ਨਹੀਂ ਸਗੋਂ ਇਹ ਅੰਨ੍ਹੀ ਦੋੜ ਅੱਜ ਵਿਸ਼ਵ-ਵਿਆਪੀ ਵਰਤਾਰਾ ਬਣ ਗਈ ਹੈ। ਜਿਸਦੀ ਸੰਤੁਸ਼ਟੀ ਦਾ ਕੋਈ ਹੱਦ-ਬੰਨਾ ਨਿਸ਼ਚਤ ਨਹੀਂ, ਭਾਵ ਅੱਜ ਜੋ ਲੱਖਪਤੀ ਹੈ, ਉਹ ਕੱਲ ਕਰੋੜਪਤੀ ਤੇ ਫਿਰ ਅਰਬਪਤੀ ਬਣਨਾ ਚਾਹੁੰਦਾ ਹੈ। ਅੱਜ ਰਿਸ਼ਤੇ-ਨਾਤੇ, ਸਿਆਸਤ, ਲੀਡਰ, ਧਰਮ ਆਦਿ ਸਭ ਪੈਸੇ ਦੇ ਗੁਲਾਮ ਬਣ ਚੁੱਕੇ ਹਨ। ਕੈਸੀ ਆਪੋ-ਧਾਪੀ ਹੋਗੀ।

ਇਹ ਤਾਂ ਵਿਸ਼ਵ-ਵਿਆਪੀ ਹੋਗੀ।
ਪਿਆਰ ਮੁਹੱਬਤ ਦੀ ਥਾਂ ਪੈਸਾ,
ਸਭ ਦੀ ਸੋਚ ਸਰਾਪੀ ਹੋਗੀ।
ਨੇਤਾ ਵੀ ਖੁਸ਼, ਵੋਟਰ ਵੀ ਖੁਸ਼,
ਹਰ ਥਾਂ ਮੁੱਠੀ-ਚਾਪੀ ਹੋਗੀ।

ਸਾਹਿਤਕਾਰ ਹਮੇਸ਼ਾ ਸਮਾਜ ਰੂਪੀ ਦਰਪਣ ਦਾ ਅਕਸ ਆਪਣੀਆਂ ਰਚਨਾਵਾਂ ਦੇ ਮਾਧਿਅਮ ਰਾਹੀਂ ਲੋਕਾਂ ਸਾਹਵੇਂ ਰੱਖਦਾ ਹੈ। ਉਹ ਕਦੀ ਵੀ ਸਰਕਾਰਾਂ ਦੇ ਜ਼ੁਲਮ ਦੇ ਅੱਗੇ ਨਹੀਂ ਝੁਕਦਾ ਤੇ ਉਸਦੀ ਕਲਮ ਹੱਕ ਸੱਚ ਦੀ ਖਾਤਰ ਲਿਖਣ ਲਈ ਹਮੇਸ਼ ਤਤਪਰ ਰਹਿੰਦੀ ਹੈ। ਸੱਚੀ ਕਲਮ ਦੇ ਧਨੀ, ਲੋਕਾਂ ਵਾਸਤੇ ਲਿਖਦੇ ਹਨ ਅਤੇ ਇਤਿਹਾਸ ਗਵਾਹ ਹੈ ਜਦੋਂ ਕਦੀ ਵੀ ਕਲਮ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ, ਉਦੋਂ ਹੀ ਕਲਮ ਵਾਲਿਆਂ ਨੇ ਧਾਰਮਿਕ, ਰਾਜਨੀਤਕ ਅਤੇ ਸਮਾਜਕ ਕਾਲੇ ਕਾਰਨਾਮਿਆਂ ਵਾਲੀਆਂ ਤਾਕਤਾਂ ਨੂੰ ਇੱਟ ਦਾ ਜੁਆਬ ਪੱਥਰ ਨਾਲ ਦਿੱਤਾ ਹੈ। ਇਨ੍ਹਾਂ ਕਲਮਾਂ ਦਾ ਗੁਣਗਾਨ ਜ਼ਖ਼ਮੀ ਸਾਹਿਬ ਇਵੇਂ ਕਰਦੇ ਹਨ:

ਜਦ ਜਦ ਗਲਾ ਦਬਾਇਆ, ਸਬਕ ਸਿਖਾਇਆ ਕਲਮਾਂ ਨੇ।
ਤਾਜਾਂ ਅੱਗੇ ਸਿਰ ਨਾ ਕਦੇ ਝੁਕਾਇਆ ਕਲਮਾਂ ਨੇ।
ਦਸਮ ਪਿਤਾ ਨੇ ਕਵੀ ਬਵੰਜਾ ਰੱਖੇ ਐਵੇਂ ਨਾ,
ਮੁਰਦਾ ਹੋਇਆ ਮਾਨਵ, ਫੇਰ ਜਿਵਾਇਆ ਕਲਮਾਂ ਨੇ।

ਕਵੀ ਇਹ ਕਹਿਣਾ ਚਾਹੁੰਦਾ ਹੈ ਕਿ ਕਲਮਾਂ ਵਾਲਿਆਂ ਨੇ ਭਾਵੇਂ ਸੱਚ ਬੋਲਣ ਵਿੱਚ ਕਦੀ ਕੋਈ ਕਸਰ ਨਹੀਂ ਛੱਡੀ ਪਰ ਜ਼ਾਲਮ ਹੁਕਮਰਾਨਾਂ ਨੇ ਹਮੇਸ਼ਾ ਇਨ੍ਹਾਂ ਨਾਲ ਅਨਿਆਂ ਹੀ ਕੀਤਾ ਹੈ ਅਤੇ ਸੱਚ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ। ਗੱਲ ਭਾਵੇਂ ਆਜ਼ਾਦੀ ਦੀ ਲੜਾਈ ਦੀ ਹੋਵੇ ਤੇ ਭਾਵੇਂ ਗ਼ਰੀਬਾਂ ਨੂੰ ਉਨ੍ਹਾਂ ਦੇ ਹੱਕ ਦਿਵਾਉਣ ਦੀ, ਕਲਮਾਂ ਵਾਲਿਆਂ ਨੇ ਆਪਣੀ ਕਲਮ ਦੀ ਆਵਾਜ਼ ਰਾਹੀਂ ਇਹ ਸਭ ਕੁਝ ਪ੍ਰਾਪਤ ਕਰਨ ਲਈ ਸਿਰ-ਧੜ ਦੀ ਬਾਜ਼ੀ ਲਗਾਈ ਹੈ। ਜ਼ਖ਼ਮੀ ਦੀ ਕਲਮ ਇਸ ਸੰਬੰਧ ਵਿੱਚ ਇੰਜ ਬਿਆਨ ਕਰਦੀ ਹੈ।

ਨਿੱਤ ਨਵੀਂ ਪਾਬੰਦੀ ਦੇਵੇ ਠੋਕ ਲਿਖਾਰੀ ਤੇ,
ਲਗਦੈ ਜਿੱਦਾਂ ਹਾਕਮ ਖੂਬ ਡਰਾਇਆ ਕਲਮਾਂ ਨੇ।
ਕਲਮਾਂ ਨੇ ਹੀ ਇਨਕਲਾਬ ਦੇ ਬੰਨ੍ਹੇ ਮੁੱਢ ਸਦਾ,
ਲੁੱਟਿਆਂ ਪੁੱਟਿਆਂ ਤਾਈਂ ਹੱਕ ਦਿਵਾਇਆ ਕਲਮਾਂ ਨੇ।
ਜ਼ਖ਼ਮੀ ਜੱਗ ਤੇ ਏਦੂ ਵੱਡੀ ਤਾਕਤ ਹੋਰ ਨਹੀਂ,
ਜੋ ਵੀ ਕਹਿਆ, ਕਰ ਕੇ ਸੱਚ ਦਿਖਾਇਆ ਕਲਮਾਂ ਨੇ।

ਸਮਾਜ ਵਿਚ ਫੈਲਿਆ ਹੋਇਆ ਜਾਤ-ਪਾਤ ਰੂਪੀ ਜ਼ਹਿਰ ਸਾਡੇ ਪੂਰੇ ਖ਼ੂਨ ਵਿੱਚ ਫੈਲਿਆ ਹੋਇਆ ਹੈ। ਇੱਕੀਵੀਂ ਸਦੀ ਦੇ ਗਲੋਬਲ ਯੁੱਗ ਵਿੱਚ ਵੀ ਅਸੀਂ ਜਾਤ-ਪਾਤ ਦੇ ਭੇਦਭਾਵ ਰੂਪੀ ਦੈਂਤ ਦੇ ਚੁੰਗਲ ਵਿੱਚੋਂ ਬਾਹਰ ਨਹੀਂ ਨਿਕਲ ਸਕੇ। ਸਿਧਾਂਤਕ ਪੱਧਰ ਤੇ ਤਾਂ ਭਾਵੇਂ ਅਸੀਂ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਦੇਸ਼ ਦੇ ਵਸਨੀਕ ਹਾਂ ਪਰ ਵਿਹਾਰਕ ਪੱਧਰ 'ਤੇ ਅਸੀਂ ਘਸੀਆਂ-ਪਿਟੀਆਂ ਮਾਨਤਾਵਾਂ ਦੇ ਚੁੰਗਲ ਵਿੱਚ ਹੀ ਫਸੇ ਹੋਏ ਹਾਂ। ਸਾਡੇ ਦੇਸ਼ ਵਿੱਚ ਨਾਗਰਿਕਾਂ ਨੂੰ ਅੱਜ ਵੀ ਬਰਾਬਰੀ ਦਾ ਹੱਕ ਨਹੀਂ ਮਿਲ ਸਕਿਆ ਅਤੇ ਅਸੀਂ ਇਸ ਅਖੌਤੀ ਆਜ਼ਾਦੀ ਦੇ ਜਸ਼ਨ ਮਨਾਉਂਦੇ ਨਹੀਂ ਥੱਕਦੇ:

ਵੱਖ-ਵੱਖ ਗੁਰਧਾਮ ਨੇ, ਵੱਖੋ-ਵੱਖ ਸ਼ਮਸ਼ਾਨ।
ਕਣ-ਕਣ ਦੇ ਵਿੱਚ ਰਮ ਰਿਹਾ, ਆਖਣ ਨੂੰ ਭਗਵਾਨ।
ਨਾ ਰੋਟੀ, ਨਾ ਕੱਪੜਾ, ਸਿਰ ਤੇ ਨਹੀਂ ਮਕਾਨ।
ਫਿਰ ਵੀ ਸਾਰੇ ਆਖਦੇ, ਭਾਰਤ ਦੇਸ਼ ਮਹਾਨ।

ਅੱਜ ਦੇ ਦੌਰ ਵਿੱਚ 'ਅੰਨਦਾਤਾ' ਖ਼ੁਦ ਭੁੱਖਾ ਮਰ ਰਿਹਾ ਹੈ ਅਤੇ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਕਰਜ਼ੇ ਦੇ ਭਾਰ ਥੱਲੇ ਦੱਬਿਆ ਜਾ ਰਿਹਾ ਹੈ। ਉਸਦੀ ਮਿਹਨਤ ਦੀ ਕਮਾਈ, ਉਸਦੀ ਜਿਨਸ ਦਾ ਮੁੱਲ ਸਰਕਾਰਾਂ ਪਾ ਨਹੀਂ ਰਹੀਆਂ। ਲੱਕ-ਤੋੜਵੀਂ ਮਹਿੰਗਾਈ ਨੇ ਕੀਟਨਾਸ਼ਕ ਦਵਾਈਆਂ, ਬੀਜ਼ਾਂ ਅਤੇ ਖੇਤੀ ਦੇ ਸੰਦਾਂ ਦੇ ਭਾਅ ਅਸਮਾਨੀ ਚੜ੍ਹਾ ਦਿੱਤੇ ਹਨ, ਨਤੀਜੇ ਵਜੋਂ ਆੜ੍ਹਤੀਆਂ ਦੀ ਲੁੱਟ-ਖਸੁੱਟ ਦਾ ਝੰਬਿਆ ਹੋਇਆ ਗਰੀਬ

ਕਿਸਾਨ ਸੌਖਾ ਸਾਹ ਵੀ ਨਹੀਂ ਲੈ ਰਿਹਾ। ਕੁਦਰਤੀ ਕਰੋਪੀਆਂ ਅਤੇ ਕਰਜ਼ੇ ਦਾ ਭਾਰ ਉਸਨੂੰ ਸਾਹ ਨਹੀਂ ਲੈਣ ਦਿੰਦਾ। ਜਦੋਂ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਵੀ ਉਸਤੋਂ ਪੂਰੀਆਂ ਨਹੀਂ ਹੁੰਦੀਆਂ ਤੇ ਸਿਰ ਤੇ ਚੜ੍ਹਿਆ ਕਰਜ਼ੇ ਦਾ ਭਾਰ ਉਸਨੂੰ ਜਿਉਣ ਨਹੀਂ ਦਿੰਦਾ ਤਾਂ ਮਜ਼ਬੂਰੀ ਵੱਸ ਉਹ ਕਈ ਵਾਰੀ ਮੌਤ ਨੂੰ ਗਲੇ ਲਗਾਉਣ ਤੋਂ ਵੀ ਗੁਰੇਜ਼ ਨਹੀਂ ਕਰਦਾ:

ਖੁਦਕੁਸ਼ੀਆਂ ਕਰ ਰਹੀਂ ਕਿਸਾਨੀ,
ਕਰਦੀ ਐਸ਼ ਲੁਟੇਰੀ ਦੁਨੀਆਂ।
ਕੌਣ ਤਿਆਗਣ ਨੂੰ ਹੈ ਰਾਜੀ,
ਜੋਗੀ ਵਾਲੀ ਫੇਰੀ ਦੁਨੀਆਂ।

ਅੱਜ ਦੇ ਇਸ ਆਧੁਨਿਕ ਦੌਰ ਵਿੱਚ ਦੁਨੀਆਂ ਦਾ ਹਰ ਸ਼ਖ਼ਸ ਆਪਣੇ ਆਪ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਸਭਿਆਚਾਰਕ ਕਦਰਾਂ-ਕੀਮਤਾਂ ਤਹਿਸ-ਨਹਿਸ ਹੋ ਕੇ ਰਹਿ ਗਈਆਂ ਹਨ। ਨਵੀਂ ਟੈਕਨਾਲੋਜੀ ਨੇ ਮਨੁੱਖ ਨੂੰ ਨਿੱਜ ਤੱਕ ਹੀ ਸੀਮਤ ਕਰ ਦਿੱਤਾ ਹੈ। ਇੰਟਰਨੈੱਟ ਅਤੇ ਮੋਬਾਇਲ ਫ਼ੋਨਾਂ ਨੇ ਹਰ ਮਨੁੱਖ ਨੂੰ ਇਕੱਲਾ ਕਰ ਦਿੱਤਾ ਹੈ, ਜਿਸਨੂੰ ਹੋਰ ਕਿਸੇ ਨਾਲ ਕੋਈ ਸਰੋਕਾਰ ਨਹੀਂ ਭਾਵ ਮਨੁੱਖ ਸਵਾਰਥੀ ਰੁਚੀਆਂ ਦਾ ਧਾਰਣੀ ਹੋ ਗਿਆ ਹੈ। ਅੱਜ ਦੇ ਪੁੱਤਰ ਮਾਪਿਆਂ ਪ੍ਰਤੀ ਆਪਣੇ ਫ਼ਰਜ਼ਾਂ ਤੋਂ ਮੂੰਹ ਮੋੜੀ ਬੈਠੇ ਹਨ। ਦਿਸ਼ਾ-ਹੀਣ ਨੌਜੁਆਨ ਵਰਗ ਕੁਰਾਹੇ ਪੈ ਗਿਆ ਹੈ। ਅਜਿਹੀ ਸਥਿਤੀ ਵਿੱਚ ਨੌਜੁਆਨ ਵਰਗ ਗਲਤ ਰਾਹਾਂ ਦਾ ਪਾਂਧੀ ਬਣ ਰਿਹਾ ਹੈ। ਅੱਜ ਦਾ ਨੌਜਵਾਨ ਆਪਣੇ ਮਾਪਿਆਂ ਕੋਲੋਂ ਹਰ ਤਰ੍ਹਾਂ ਦਾ ਹੱਕ ਲੈਣ ਲਈ ਤਾਂ ਤਤਪਰ ਹੈ ਪਰ ਫ਼ਰਜ਼ਾਂ ਤੋਂ ਮੂੰਹ ਮੋੜੀ ਖੜ੍ਹਾ ਹੈ। ਕਈ ਮਾਪੇ ਬਿਰਧ-ਘਰਾਂ ਵਿੱਚ ਰੁਲਣ ਲਈ ਮਜ਼ਬੂਰ ਹਨ। ਜ਼ਖ਼ਮੀ ਦੀ ਕਲਮ ਉਪਰੋਕਤ ਸਮੱਸਿਆਵਾਂ ਦੇ ਕਰੂਰ ਯਥਾਰਥ ਨੂੰ ਇੰਜ ਬਿਆਨ ਕਰਦੀ ਹੈ:

ਨੱਚਣ ਕੁੱਦਣ ਭੁੱਲ ਗਏ ਸਾਰੇ,
ਇੰਟਰਨੈੱਟ ਨੇ ਕਰੇ ਕਲਾਪੇ।
ਪੜ੍ਹ ਲਿਖ ਕੇ ਪੁੱਤ ਬਣੇ ਕਮਾਊ,
ਬਿਰਧ ਘਰਾਂ ਵਿਚ ਰੁਲਦੇ ਮਾਪੇ।
ਨਸ਼ਿਆਂ ਵਿੱਚ ਗਲਤਾਨ ਜਵਾਨੀ,
ਘਰ ਘਰ ਸੱਥਰ, ਵੈਣ, ਸਿਆਪੇ।
ਦੇ ਕੇ ਖ਼ਬਰ ਸਮਗਲਰ ਤਾਂਈਂ,
ਫਿਰ ਪ੍ਰਸ਼ਾਸ਼ਨ ਮਾਰੇ ਛਾਪੇ।

ਸਾਡੇ ਦੇਸ਼ ਵਿੱਚ ਸਰਕਾਰਾਂ ’ਤੇ ਕੁਝ ਪਰਿਵਾਰਾਂ ਦਾ ਹੀ ਕਬਜ਼ਾ ਰਿਹਾ ਹੈ ਅਤੇ ਇਸ ਪਰਿਵਾਰ-ਵਾਦ ਨੇ ਲੋਕਾਂ ਦੀ ਭਲਾਈ ਲਈ ਕੋਈ ਬਹੁਤੇ ਸਾਰਥਕ ਯਤਨ ਨਹੀਂ ਕੀਤੇ। ਇਸ ਪਰਿਵਾਰ-ਵਾਦ ਦੇ ਕਾਰਨ ਭਾਰਤ ਦੀ ਅਰਥ ਵਿਵਸਥਾ ਤਰੱਕੀ ਦੀਆਂ ਮੰਜ਼ਿਲਾਂ ਪ੍ਰਾਪਤ ਕਰ ਨਹੀਂ ਸਕੀ, ਸਗੋਂ ਡਗਮਗਾਉਂਦੀ ਰਹੀ ਹੈ। ਸਾਡੇ ਦੇਸ਼ ਵਿੱਚ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋ ਰਿਹਾ ਹੈ। ਅਖੌਤੀ ਸਾਧਾਂ ਸੰਤਾਂ ਦੇ ਡੇਰੇ ਅਪਰਾਧਿਕ ਗਤੀਵਿਧੀਆਂ ਦੇ ਮਰਕਜ਼ ਬਣ ਗਏ ਹਨ:

ਕੁਝ ਲੁੱਟਿਆ ਹੈ ਸਾਨੂੰ ਅੰਧ-ਵਿਸ਼ਵਾਸਾਂ ਨੇ,
ਕੁਝ ਲੁਟਿਆ ਹੈ ਖ਼ੁਦ ਚੁਣੀਆਂ ਸਰਕਾਰਾਂ ਨੇ।
ਅਰਥ-ਵਿਵਸਥਾ ਵਿਗੜੀ ਸਾਰੇ ਭਾਰਤ ਦੀ,
ਕਬਜ਼ਾ ਕੀਤੈ ਜਿਸ ਤੇ ਕੁਝ ਪਰਿਵਾਰਾਂ ਨੇ।
ਸਾਧਾਂ ਦੇ ਦਰ ਬਣਗੇ ਗੜ੍ਹ ਅਪਰਾਧਾਂ ਦੇ,
ਅੱਤ ਮਚਾਈ ਰੱਬ ਦੇ ਠੇਕੇਦਾਰਾਂ ਨੇ।
ਕੁਝ ਲੁਟਿਆ ਹੈ ਖ਼ੁਦ ਚੁਣੀਆਂ ਸਰਕਾਰਾਂ ਨੇ।

ਇਸ ਤਰ੍ਹਾਂ ਪ੍ਰਸਿੱਧ ਗ਼ਜ਼ਲਗੋ ਕਰਮ ਸਿੰਘ ਜ਼ਖ਼ਮੀ ਦੀ ਗ਼ਜ਼ਲ ਸਮਾਜ ਵਿੱਚ ਫੈਲੀਆਂ ਭੈੜੀਆਂ ਅਲਾਮਤਾਂ ਤੋਂ ਸਾਨੂੰ ਚੇਤਨ ਕਰਦੀ ਹੋਈ, ਇਸਦੇ ਕਰੂਰ ਯਥਾਰਥ ਨੂੰ ਵੀ ਬਾਖ਼ੂਬੀ ਬਿਆਨ ਕਰਦੀ ਹੋਈ ਹੱਕ-ਸੱਚ ਲਈ ਲੜਨ ਅਤੇ ਇੱਕ ਨਰੋਆ ਸਮਾਜ ਸਿਰਜਣ ਦਾ ਸੁਨੇਹਾ ਦਿੰਦੀ ਹੈ। ਕਵੀ ਜਿੱਥੇ ਬਰਾਬਰੀ ਵਾਲਾ ਸਮਾਜ ਸਿਰਜਣ ਦਾ ਚਾਹਵਾਨ ਹੈ, ਉਥੇ ਗਲੋਬਲ ਪੱਧਰ ’ਤੇ ਹਰ ਮਨੁੱਖ ਨੂੰ ਹਰ ਪੱਖੋਂ ਖੁਸ਼ ਤੇ ਸੰਤੁਸ਼ਟ ਵੇਖਣ ਦਾ ਚਾਹਵਾਨ ਵੀ ਹੈ। ਉਹ ਲੋਕਤੰਤਰ ਦੀ ਸਹੀ ਪਰਿਭਾਸ਼ਾ ਲੋਕਾਂ ਸਾਹਵੇਂ ਰੱਖਣ ਦਾ ਇੱਛਕ ਹੈ ਅਤੇ ਅਖੌਤੀ ਆਜ਼ਾਦੀ ਦੀ ਮਿੱਥ ਨੂੰ ਤੋੜ ਕੇ ਸੱਚਾ-ਸੁੱਚਾ ਆਜ਼ਾਦ ਸਮਾਜ ਤੇ ਦੇਸ਼ ਸਿਰਜਣ ਦਾ ਚਾਹਵਾਨ ਹੈ, ਜਿੱਥੇ ਹੱਕ ਤੇ ਸੱਚ ਦੀ ਆਵਾਜ਼ ਬੁਲੰਦ ਹੋਵੇ। ਜਿੱਥੇ ਅਜਿਹੀ ਸੱਚੀ ਆਵਾਜ਼ ਤੇ ਪਹਿਰਾ ਦੇਣ ਵਾਲਾ ਸਾਰਾ ਸਮਾਜ ਹੋਵੇ ਕਿਉਂਕਿ ਜਿਸ ਸਮਾਜ ਤੇ ਦੇਸ਼ ਵਿੱਚ ਸੱਚੀ ਆਵਾਜ਼ ਨੂੰ ਦਬਾਉਣ ਦਾ ਸਿਲਸਿਲਾ ਸਦੀਆਂ ਤੋਂ ਚੱਲ ਰਿਹਾ ਹੋਵੇ, ਉੱਥੇ ਅਜਿਹੀਆਂ ਉਸਾਰੂ ਤਬਦੀਲੀਆ ਸਾਰਥਕ ਭੂਮਿਕਾ ਨਿਭਾ ਸਕਦੀਆਂ ਹਨ। ਇਹ ਵੀ ਬਹੁਤ ਜ਼ਰੂਰੀ ਹੈ ਕਿ ਦੇਸ਼ ਕੌਮ ਦੇ ਇਨਕਲਾਬ ਵਿੱਚ ਸਾਹਿਤਕਾਰ ਕਿਸੇ ਵੀ ਭੈਅ ਤੋਂ ਮੁਕਤ ਹੋ ਕੇ ਕਲਮ ਰੂਪੀ ਹਥਿਆਰ ਦੀ ਵਰਤੋਂ ਕਰੇ।